# ਘੋਰਕੰਡੇ

ਸਿਮਰਨ ਧਾਲੀਵਾਲ



# ਘੋਰਕੰਡੇ

(ਕਹਾਣੀ ਸੰਗ੍ਰਹਿ)

ਸਿਮਰਨ ਧਾਲੀਵਾਲ

# ਘੋਰਕੰਡੇ
(ਕਹਾਣੀ ਸੰਗ੍ਰਹਿ)

ਅੱਖ਼ਰਾਂ 'ਚੋਂ ਔਕਾਤ ਮੇਰੀ ਪਹਿਚਾਣ ਲਵੀਂ
ਮੱਥੇ ਤੋਂ ਰੇਖਾਵਾਂ ਨਹੀਂਉਂ ਪੜ੍ਹੀ ਦੀਆਂ।
-ਤ੍ਰੈਲੋਚਨ ਲੋਚੀ

## ਇਸੇ ਕਲਮ ਤੋਂ-

ਕਹਾਣੀ ਸੰਗ੍ਰਹਿ

ਆਸ ਅਜੇ ਬਾਕੀ ਹੈ(2012 ,2015)

ਉਸ ਪਲ(2015)

ਬੱਚਿਆਂ ਲਈਃ-

ਸੱਤ ਪਰੀਆਂ(2014, 2016)

ਸਫ਼ੈਦ ਪਰੀ ਤੇ ਪੰਛੀ (2016)

ਪੁਰਾਣੇ ਖੂਹ ਵਾਲਾ ਦੈਂਤ(2017)

# ਸਮਰਪਿਤ

ਆਪਣੇ ਮਾਪਿਆਂ ਦੇ ਨਾਂ

# ਤਤਕਰਾ


1. ਮਨ ਦਾ ਕੈਨਵਸ/7
2. ਘਰ/9
3. ਉਦਾਸ ਸ਼ਾਇਰ ਦੀ ਕਥਾ/16
4. ਮੇਲਾ/29
5. ਘੋਰਕੰਡੇ/40
6. ਛੁੱਟੀ ਹੋਣ ਤੋਂ ਪਹਿਲਾਂ/51
7. ਸੂਹੇ ਰੰਗ ਮੁਹੱਬਤਾਂ ਦੇ/65
8. ਖ਼ੁਸ਼ਬੂ/74
9. ਡਾਰਕ ਪੋਰਟਰੇਟ/83
10. ਸਮਕਾਲ/93

# ਮਨ ਦਾ ਕੈਨਵਸ

ਸਾਹਿਤ ਤੇ ਬੰਦੇ ਦਾ ਰਿਸ਼ਤਾ ਅਨਿੱਖੜਵਾਂ ਹੈ। ਮੁੱਢ ਕਦੀਮ ਤੋਂ। ਜਨਮ ਤੋਂ ਲੈ ਕੇ ਮਰਨ ਤੀਕ ਨਾਲ ਨਿਭਣ ਵਾਲਾ। ਸਾਰੇ ਹੀ ਸਾਹਿਤ ਰੂਪਾਂ ਵਿੱਚੋਂ ਕਵਿਤਾ ਮਨੁੱਖ ਦੇ ਬਹੁਤਾ ਨੇੜੇ ਹੈ। ਇਸੇ ਲਈ ਕਵਿਤਾ ਨੂੰ ਭਾਵਾਂ ਦੀ ਜ਼ੁਬਾਨ ਵੀ ਆਖਿਆ ਜਾਂਦਾ ਹੈ। ਕਵਿਤਾ ਸੰਸਾਰ ਪੱਧਰ ਦੇ ਹੀ ਸਾਹਿਤ ਵਿੱਚ ਪਹਿਲਾਂ ਜਨਮੀ ਤੇ ਕਹਾਣੀ, ਨਾਵਲ ਤੇ ਦੂਜੇ ਸਾਹਿਤ ਰੂਪ ਉਸ ਤੋਂ ਬਾਅਦ।

ਮੇਰੇ ਖਿਆਲ ਮੁਤਾਬਕ ਕਹਾਣੀ ਬੇਹੱਦ ਪੁਖਤਾ, ਬੇਹੱਦ ਮਕਬੂਲ਼ ਸਾਹਿਤ ਰੂਪ ਹੈ। ਕਵਿਤਾ ਜਿੰਨਾ ਹੀ ਪਿਆਰਾ। ਅਜੋਕੀ ਪੰਜਾਬੀ ਕਹਾਣੀ ਦਾ ਕੈਨਵਸ ਬਹੁਤ ਵਿਸ਼ਾਲ ਹੈ। ਕਹਾਣੀ ਜ਼ਿੰਦਗੀ ਦੀਆਂ ਡੂੰਘੀਆਂ ਪਰਤਾਂ ਨੂੰ ਫਰੋਲਣ ਵਾਲਾ ਸਾਹਿਤ ਰੂਪ ਹੈ।..ਤੇ ਕਹਾਣੀ ਜ਼ਿੰਦਗੀ ਦੀਆਂ ਉਹਨਾਂ ਪਰਤਾਂ ਨੂੰ ਇਕੋ ਪਰਤ ਵਿੱਚ ਫਰੋਲਦੀ ਹੈ। ਇਸੇ ਲਈ ਹੀ ਵਿਦਵਾਨ ਇਸ ਨੂੰ ਘੋੜ-ਦੌੜ ਵਾਂਗ ਆਖਦੇ ਹਨ। ਦਿਸਦੇ ਸੰਸਾਰ ਨਾਲੋਂ ਬੰਦੇ ਦੇ ਅੰਦਰ ਦਾ ਸੰਸਾਰ ਕਿਤੇ ਜ਼ਿਆਦਾ ਵਿਸ਼ਾਲ ਹੈ। ਬੰਦਾ ਇੱਕੋ ਵੇਲੇ ਕਈ ਰੂਪਾਂ ਵਿੱਚ ਜਿਊਂਦਾ ਹੈ। ਇਸ ਯੁੱਗ ਦਾ ਬੰਦਾ ਸਰਪਟ ਦੌੜ ਰਿਹਾ ਹੈ। ਉਹ ਬੇਅਰਾਮ ਹੈ।.....ਤੇ ਕਹਾਣੀ ਬੰਦੇ ਦੀ ਉਸੇ ਬੇਅਰਾਮੀ ਨੂੰ ਫੜਨ ਵਿੱਚ ਬੇਹੱਦ ਕਾਮਯਾਬ ਹੈ। ਵਕਤ ਬਦਲ ਰਿਹਾ ਹੈ। ਚੀਜ਼ਾਂ ਬਦਲ ਰਹੀਆਂ ਨੇ। ਇਸੇ ਲਈ ਕਹਾਣੀ ਵੀ ਬਦਲ ਰਹੀ ਹੈ। ਜ਼ਿੰਦਗੀ ਦੀ ਜਟਿੱਲਤਾ ਕਹਾਣੀ ਨੂੰ ਵੀ ਜਟਿੱਲ ਬਣਾ ਰਹੀ ਹੈ। ਬੰਦੇ ਦੇ ਅੰਦਰ ਦੀ ਦੁਨੀਆਂ ਬਹੁਤ ਵਿਸ਼ਾਲ ਹੈ। ਬਾਹਰੀ ਸੰਸਾਰ ਨਾਲੋਂ ਵੀ ਕਿਤੇ ਵੱਧ ਵੱਡੀ। ਅੰਦਰ ਬਹੁਤ ਕੁਝ ਖੁਰਦਾ ਹੈ। ਬਹੁਤ ਕੁਝ ਟੁੱਟਦਾ ਹੈ। ਇਹ ਕਹਾਣੀਆਂ ਪਾਤਰਾਂ ਦੇ ਅੰਦਰ ਦੀ ਉਸੇ ਟੁੱਟ ਭੱਜ ਨੂੰ ਬਿਆਨ ਕਰਦੀਆਂ ਹਨ। ਦੁਨੀਆਂ ਤੇਜ਼ੀ ਨਾਲ ਬਦਲੀ ਹੈ। ਬਦਲ ਰਹੀ ਹੈ। ਵਿਸ਼ਵ ਪਿੰਡ ਦਾ ਪਸਾਰਾ ਹੋਰ ਵੱਡਾ, ਹੋਰ ਗੂੜ੍ਹਾ ਹੋ ਗਿਆ ਹੈ। ਇੰਟਰਨੈਟ, ਮੋਬਾਈਲ, ਫੇਸਬੁੱਕ ਤੇ ਪਤਾ ਨਹੀਂ ਹੋਰ ਕਿੰਨਾ ਕੁਝ ਇਹੋ ਜਿਹਾ ਹੈ ਜਿਸ ਨੇ ਸਾਡੀ ਜ਼ਿੰਦਗੀ ਵਿਚ ਵੱਡੀ ਸਪੇਸ ਆ ਮੱਲੀ ਹੈ। ਬੰਦਾ ਬੰਦੇ ਕੋਲੋਂ ਦੂਰ ਹੋ ਕੇ ਇਹਨਾਂ ਸਾਧਨਾਂ ਨਾਲ ਜੁੜ ਚੁਕਿਆ ਹੈ। ਅੱਜ ਦਾ ਯੁੱਗ ਨੈਟ-ਰਿਸ਼ਤਿਆਂ ਦਾ ਯੁੱਗ ਹੈ। ਅਜਿਹੇ ਰਿਸ਼ਤੇ ਜਿੰਨਾਂ ਦੀ ਪਰਿਭਾਸ਼ਾ ਹੀ ਕੁਝ ਹੋਰ ਹੈ।

ਇਹ ਕਹਾਣੀਆਂ ਵਿਸ਼ਵ-ਪਿੰਡ ਦੇ ਇਹਨਾਂ ਹੀ ਬਾਸ਼ਿੰਦਿਆਂ ਦੀ ਗੱਲ ਕਰਦੀਆਂ ਨੇ। ਜਿੰਨਾਂ ਨੇ ਜ਼ਿੰਦਗੀ ਦੀ ਨਵੀਂ ਪਰਿਭਾਸ਼ਾ ਸਿਰਜ ਲਈ ਹੈ। ਜਿੰਨਾਂ ਦੀ ਜ਼ਿੰਦਗੀ ਅਨੇਕਾਂ ਟੁਕੜਿਆਂ ਵਿਚ ਵੰਡੀ ਹੋਈ ਹੈ। ਵਿਸ਼ਵ ਪਿੰਡ ਦੇ ਉਹ ਵਸਨੀਕ ਮੈਂ, ਤੁਸੀਂ ਆਪਾਂ ਸਾਰੇ ਹਾਂ। ਆਉ ਆਪਾਂ ਆਪਣੀ-ਆਪਣੀ ਕਹਾਣੀ ਨੂੰ ਪੜੀਏ। ਯਕੀਨਣ-ਤੁਸੀਂ ਇਹਨਾਂ ਕਹਾਣੀਆਂ ਵਿਚੋਂ ਖ਼ੁਦ ਨੂੰ ਪਹਿਚਾਣ ਪਾਉਗੇ।

**-ਸਿਮਰਨ ਧਾਲੀਵਾਲ**

# ਘਰ

ਮੈਨੂੰ ਤੀਜਾ ਦਿਨ ਹੈ, ਘਰ ਪਹੁੰਚੇ ਨੂੰ। ਤਿੰਨਾਂ ਦਿਨਾਂ 'ਚ ਬਾਪੂ ਕਈ ਵਾਰ ਫਿਸ ਚੁਕਿਆ। ਜ਼ਰਾ ਜਿੰਨੀ ਕੋਈ ਗੱਲ ਛਿੜਦੀ। ਉਹ ਗਲਾ ਭਰ ਆਉਂਦਾ। ਬਾਪੂ ਦੀਆਂ ਅੱਖਾਂ ਵਿੱਚ ਆਏ ਹੰਝੂ, ਮੈਨੂੰ ਬਹੁਤ ਅਜੀਬ ਲੱਗਦੇ ਨੇ। ਮੇਰਾ ਦਿਲ ਕਰਦਾ , ਬਾਪੂ ਨੂੰ ਕਹਾਂ, ਹੁਣ ਬੱਸ ਵੀ ਕਰ ਐਵੇਂ......।

ਪਰ 'ਪਾਖੰਡ' ਸ਼ਬਦ ਵਰਤਣਾ ਮੈਨੂੰ ਔਖਾ ਲੱਗਦਾ।

ਹਰ ਵਾਰ ਮੇਰੀਆਂ ਅੱਖਾਂ ਅੱਗੇ ਚਾਰ ਸਾਲ ਪਹਿਲਾਂ ਵਾਲਾ ਬਾਪੂ ਆਣ ਖੜਦਾ.....! ਤੇ ਮੇਰੇ ਜ਼ਹਿਨ ਵਿੱਚ ਵੀਹ ਸਾਲ ਤੋਂ ਵੱਸੀ ਤਸਵੀਰ ਸਾਹਮਣੇ ਹੰਝੂ ਕੇਰਦਾ ਅੱਜ ਵਾਲਾ ਬਾਪੂ, ਮੈਨੂੰ ਕੋਈ ਹੋਰ ਜਾਪਣ ਲੱਗਦਾ। ਮੈਂ ਸੋਚਦਾ ਉਹ ਇੰਜ ਕਿਵੇਂ ਬਦਲ ਸਕਦਾ ? ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਮੈਨੂੰ, ਮੇਰੇ ਘਰੋਂ ਤੁਰਨ ਵੇਲੇ ਲੱਗਿਆ ਸੀ।

ਬੇਬੇ ਕੋਲੋਂ ਆਪਣੇ ਹੰਝੂ ਨਹੀਂ ਸੀ ਰੁਕ ਰਹੇ।

"ਰੋਟੀ ਜੋਗਾ ਕੀ ਨਹੀਂ ਹੈਗਾ ਆਪਣੇ ਕੋਲ ?" ਉਹ ਕਈ ਦਿਨ ਕਲਪਦੀ ਰਹੀ ਸੀ। ਪਰ ਬਾਪੂ ਇੰਨੀ ਗੱਲ ਸੁਣਦਿਆਂ ਭੜਕ ਪੈਂਦਾ।

"ਤੇਰੇ ਵੱਸ ਹੋਵੇ ਨਾ......। ਸੋਹੀਆਂ ਦੀ ਝੰਡੀ ਕਰਨੀ ਏ ਪਿੰਡ 'ਚ। ਲੰਡੀ ਬੁੱਚੀ ਨਹੀਂ ਮੈਂ ਕੋਈ। ਇਹਨੂੰ ਬੱਸ ਰੋਟੀ ਦਿਸਦੀ।"

ਸੇਠੀ ਏਜੰਟ ਨਾਲ ਕਿਸੇ ਵੀ ਤਰ੍ਹਾਂ 'ਵਾਧਾ-ਘਾਟਾ' ਕਰਕੇ ਬਾਪੂ ਨੇ ਮੈਨੂੰ ਆਸਟ੍ਰੇਲੀਆ ਤੋਰ ਦਿੱਤਾ ਸੀ। ਘਰੋਂ ਤੁਰਨ ਵੇਲੇ ਮੈਂ ਬੇਬੇ ਨੂੰ ਚਿੰਬੜ ਕੇ ਕਿੰਨੀ ਹੀ ਦੇਰ ਤੀਕ ਰੋਂਦਾ ਰਿਹਾ ਸੀ। ਗੱਡੀ 'ਚ ਬੈਠਣ ਵੇਲੇ ਝੁਕ ਕੇ ਬਾਪੂ ਦੇ ਪੈਂਰੀ ਹੱਥ ਲਗਾਉਣ ਲੱਗਿਆ ਤਾਂ ਉਹਨੇ ਮੇਰਾ ਹੱਥ ਫੜ ਕੇ ਅੱਖਾਂ ਵਿੱਚ ਝਾਕਦੇ ਹੋਏ ਕਿਹਾ ਸੀ, "ਬੁੜੀਆਂ ਵਾਂਗੂੰ ਡੁਸਕੇ ਨਾ ਲਗਾਈ ਜਾਈਂ ਹੁਣ ਉਥੇ ਜਾ ਕੇ। ਰੁੱਗ ਰੁਪਈਆਂ ਦਾ ਲੱਗਿਆ। ਚੇਤਾ ਰੱਖੀਂ।"

ਏਅਰਪੋਰਟ ਤੀਕ ਜਾਂਦਿਆਂ, ਮੈਂ ਬਾਪੂ ਦੀ ਏਸੇ ਗੱਲ ਬਾਰੇ ਸੋਚਦਾ ਰਿਹਾ ਸੀ।

ਕਾਸ਼ ! ਬਾਪੂ ਨੇ ਕਿਹਾ ਹੁੰਦਾ-

"ਭੋਲਿਆ ਆਪਣਾ ਖਿਆਲ ਰੱਖੀਂ। ਖਾਣ-ਪੀਣ ਤੋਂ ਘੋਲ ਨਾ ਕਰੀਂ। ਕਮਾਈਆਂ ਨਾਲ ਵੀ ਰੱਜਿਆ ਕਦੀ ਬੰਦਾ।"

ਪਰ ਮੈਂ ਜਾਣਦਾ ਸੀ। ਬਾਪੂ ਤਾਂ ਇੰਜ ਦਾ ਕਦੀ ਵੀ ਨਹੀਂ ਸੀ। ਫਿਰ ਉਹ ਜਿਸ ਨੂੰ ਮੈਂ ਤਿੰਨ ਦਿਨਾਂ ਤੋਂ ਦੇਖ ਰਿਹਾ।

ਬਾਪੂ ਦਾ ਇਹ ਰੂਪ ਮੇਰੀ ਸਮਝੋਂ ਬਾਹਰ ਸੀ।